ਸਤੰਬਰ ਪ੍ਰੀਖਿਆ 2022

ਕਲਾਸ ਨੌਵੀਂ

ਵਿਸ਼ਾ : ਸਿਹਤ ਤੇ ਸਰੀਰਕ ਸਿੱਖਿਆ

ਸਮਾਂ : 3 ਘੰਟੇ                                    ਕੁੱਲ ਅੰਕ : 50

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ।

1-20 ਤੱਕ 1-1 ਅੰਕ ਦੇ, 21-25 ਤੱਕ 2-2 ਅੰਕਾਂ ਦੇ, 26-30 ਤੱਕ 3-3 ਅੰਕਾਂ ਦੇ ਅਤੇ 31ਵਾਂ ਪ੍ਰਸ਼ਨ 5 ਅੰਕਾਂ ਦਾ ਹੈ ।

ਇੱਕ ਜਾਂ ਦੋ ਲਾਈਨ ਵਿੱਚ ਉੱਤਰ ਲਿਖੋ :- **5x1=5**

1. ਸਰੀਰਕ ਸਿੱਖਿਆ ਤੋਂ ਕੀ ਭਾਵ ਹੈ?
2. ਬੱਚਿਆਂ ਲਈ ਕਿਹੜੀਆਂ ਖੇਡ ਕਿਰਿਆਵਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ ?
3 ਸਪੋਰਟਸਮੈਨਸ਼ਿਪ ਕੀ ਹੁੰਦੀ ਹੈ ?
4. ਖੇਡਾਂ ਵਿੱਚ ਕਿਸ ਧਰਮ ਦੇ ਖਿਡਾਰੀ ਭਾਗ ਲੈਂਦੇ ਹਨ?
5. ਨਸ਼ੇ ਕਰਨ ਵਾਲ਼ੇ ਖਿਡਾਰੀ ਦੇ ਪੈਰਾਂ ਦਾ ਤਾਪਮਾਨ ਆਮ ਖਿਡਾਰੀ ਦੇ ਪੈਰਾਂ ਦੇ ਤਾਪਮਾਨ ਨਾਲ਼ੋਂ ਕਿੰਨਾਂ ਘੱਟ ਹੁੰਦਾ ਹੈ ?

ਖਾਲੀ ਥਾਵਾਂ ਭਰੋ:- **5x1=5**

6. ਹਾਕੀ ਅਤੇ ਖੋ ਖੋ __________ਜ਼ਮਾਨੇ ਦੀਆਂ ਖੇਡਾਂ ਹਨ ।
7. ਤਲਵਾਰਬਾਜ਼ੀ ਅਤੇ ਨੇਜ਼ਾ ਸੁੱਟਣਾ __________ਜ਼ਮਾਨੇ ਦੀਆਂ ਖੇਡਾਂ ਹਨ ।
8. ਚੰਗਾ ਸਪੋਰਟਸਮੈਨ ਆਪਣੇ ਦੇਸ਼ ਦਾ __________ ਹੁੰਦਾ ਹੈ ।
9. ਤੰਬਾਕੂ ਦੇ ਧੂਏਂ ਵਿੱਚ __________ ਹੰਦੇ ਹਨ ।
10. __________ ਦੀ ਵਰਤੋਂ ਕਾਰਨ ਵਿਅਕਤੀ ਸਾਹ ਦੇ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ ?

ਸਹੀ-ਗਲਤ ਦੀ ਪਛਾਣ ਕਰਕੇ ਉਨ੍ਹਾਂ ਦੇ ਸਾਹਮਣੇ ਸਹੀ/ਗਲਤ ਦਾ ਨਿਸ਼ਾਨ ਲਗਾਓ:- **5x1=5**

11. ਬਜ਼ੁਰਗਾਂ ਨੂੰ ਖੇਡਾਂ ਦਾ ਸ਼ੌਕ ਨਹੀਂ ਹੁੰਦਾ ।
12. ਕਸਰਤ ਨਾ ਕਰਨਾ ਸਰੀਰ ਲਈ ਹਾਨੀਕਾਰਕ ਹੈ ।
13. ਮੁੰਡੇ ਅਤੇ ਕੁੜੀਆਂ ਦੀਆਂ ਖੇਡਾਂ ਵਿੱਚ ਸਰੀਰਕ ਲੋੜ ਅਨੁਸਾਰ ਅੰਤਰ ਹੋਣਾ ਚਾਹੀਦਾ ਹੈ ।
14. ਮਨੁੱਖ ਨਸ਼ਿਆਂ ਦੀ ਵਰਤੋਂ ਆਦਿ ਕਾਲ ਤੋਂ ਕਰਦਾ ਆ ਰਿਹਾ ਹੈ ।
15. ਨਸ਼ੇ ਕਰਨ ਨਾਲ਼ ਮਨ ਦਾ ਸੰਤੁਲਨ ਬਣਿਆ ਰਹਿੰਦਾ ਹੈ ।

ਸਹੀ ਉੱਤਰ ਦੀ ਚੋਣ ਕਰੋ (ਬਹੁ ਵਿਕਲਪੀ ਪ੍ਰਸ਼ਨ) :- **5x1=5**

16. ਬੱਚੇ ਦਾ ਸਰਵਪੱਖੀ ਵਿਕਾਸ ਕਿਸ ਰਾਹੀਂ ਹੁੰਦਾ ਹੈ ।

1. ਸਰੀਰਕ ਸਿਖਿਆ ਰਾਹੀਂ 2. ਸੌਣ ਨਾਲ਼ 3. ਵਿਹਲੇ ਰਹਿਣ ਨਾਲ਼ 4. ਇਨ੍ਹਾਂ ਵਿੱਚੋਂ ਕੋਈ ਨਹੀਂ

17. ਮਨੁੱਖ ਦੀਆਂ ਮੂਲ ਕੁਸ਼ਲਤਾਵਾਂ ਕਿਹੜੀਆਂ ਹਨ ?
1. ਟੀਵੀ ਰਿਪੇਅਰ ਕਰਨਾ 2. ਦੌੜਨਾ-ਕੁੱਦਣਾ 3. ਗੱਡੀਆਂ ਠੀਕ ਕਰਨਾ 4. ਇਨ੍ਹਾਂ ਵਿੱਚੋਂ ਕੋਈ ਨਹੀਂ

18. ਚੰਗੇ ਲੀਡਰ ਕੌਣ ਬਣਾਉਂਦਾ ਹੈ ?
1. ਮੋਬਾਈਲ 2. ਟੀਵੀ 3. ਖੇਡਾਂ 4. ਇਨ੍ਹਾਂ ਵਿੱਚੋਂ ਕੋਈ ਨਹੀਂ

19. ਵਿਹਲਾ ਮਨ ਕਿਸ ਦਾ ਘਰ ਹੁੰਦਾ ਹੈ ।
1. ਚਾਚੇ ਦਾ 2. ਮਾਮੇ ਦਾ 3. ਭੂਆ ਦਾ 4. ਸ਼ੈਤਾਨ ਦਾ

20. ਖੇਡ ਦੌਰਾਨ ਜੇਕਰ ਕੋਈ ਖਿਡਾਰੀ ਨਸ਼ੇ ਕਰਦਾ ਫੜਿਆ ਜਾਵੇ ਤਾਂ ਕੀ ਕੀਤਾ ਜਾਂਦਾ ਹੈ ?
1. ਉਸ ਨੂੰ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ 2. ਜਿੱਤਿਆ ਇਨਾਮ ਵਾਪਿਸ ਲੈ ਲਿਆ ਜਾਂਦਾ ਹੈ
3. ਅਗਾਂਹ ਖੇਡਣ ਲਈ ਪਾਬੰਦੀਆਂ ਲੱਗ ਸਕਦੀਆਂ ਹਨ 4. ਉਪਰੋਕਤ ਸਾਰੇ

## ਦੋ ਅੰਕਾਂ ਵਾਲ਼ੇ ਪ੍ਰਸ਼ਨ **5x2=10**

21. ਸਿੱਖਲਾਈ (ਕੋਚਿੰਗ) ਕੀ ਹੁੰਦੀ ਹੈ ?
22. ਸਰੀਰਕ ਸਿੱਖਿਆ ਰਾਹੀਂ ਸਰੀਰਕ ਵਾਧਾ ਤੇ ਵਿਕਾਸ ਕਿਵੇਂ ਹੁੰਦਾ ਹੈ ?
23. ਪੁਰਾਣੇ ਸਮੇਂ ਵਿੱਚ ਕਿਹੜੀਆਂ ਖੇਡਾਂ ਖੇਡੀਆਂ ਜਾਂਦੀਆਂ ਸਨ ?
24. ਚਿੜਚਿੜੇ ਸੁਭਾਉ ਵਾਲ਼ਾ ਚੰਗਾ ਸਪੋਰਟਸਮੈਨ ਕਿਉਂ ਨਹੀਂ ਬਣ ਸਕਦਾ ?
25. ਖਿਡਾਰੀ ਦੀ ਖੇਡ ਤੇ ਨਸ਼ੀਲੀਆਂ ਵਸਤੂਆਂ ਦੇ ਕੋਈ ਦੋ ਭੈੜੇ ਪ੍ਰਭਾਵ ਲਿਖੋ।

## ਤਿੰਨ ਅੰਕਾਂ ਵਾਲ਼ੇ ਪ੍ਰਸ਼ਨ **5x3=15**

26. ਸਰੀਰਕ ਸਿੱਖਿਆ ਰਾਹੀਂ ਸਮਾਕਿਲ ਵਿਕਾਸ ਕਿਵੇਂ ਹੁੰਦਾ ਹੈ ?
27. ਚੰਗਾ ਸਪੋਰਟਸਮੈਨ ਆਪਣੇ ਦੇਸ਼ ਦਾ ਰਾਜਦੂਤ ਹੁੰਦਾ ਹੈ। ਕਿਵੇਂ?
28. ਚਿੜਚਿੜੇ ਸੁਭਾਉ ਵਾਲ਼ਾ ਚੰਗਾ ਸਪੋਰਟਸਮੈਨ ਕਿਉਂ ਨਹੀਂ ਬਣ ਸਕਦਾ ?
29. ਨਸ਼ੀਲੀਆਂ ਵਸਤੂਆਂ ਕਾਰਨ ਮੈਚ ਵਿੱਚ ਹਾਰ ਕਿਵੇਂ ਹੋ ਸਕਦੀ ?
30. ਅੱਠ ਨਸ਼ੀਲੀਆਂ ਵਸਤੂਆਂ ਦੇ ਨਾਂ ਲਿਖੋ ।

31. ਸਰੀਰਕ ਸਿੱਖਿਆ ਦੇ ਮੁੱਖ ਉਦੇਸ਼ ਕਿਹੜੇ ਹਨ ? 5

**ਜਾਂ**

ਸਪੋਰਟਸਮੈਨਸ਼ਿਪ ਕੀ ਹੈ ? ਇੱਕ ਚੰਗੇ ਸਪੋਰਟਸਮੈਨ ਦੇ ਗੁਣ ਲਿਖੋ । 5